# ਚਾਈਲਡ ਇਨਫਰਮੇਸ਼ਨ ਸ਼ੇਅਰਿੰਗ (ਬੱਚੇ ਦੀ ਜਾਣਕਾਰੀ ਸਾਂਝੀ ਕਰਨਾ) Child Information Sharing

Punjabi | ਪੰਜਾਬੀ

## ਤੁਸੀਂ ਮੇਰੀ ਜਾਣਕਾਰੀ ਕਿਉਂ ਸਾਂਝੀ ਕਰਨੀ ਚਾਹੁੰਦੇ ਹੋ?

### ਵਿਕਟੋਰੀਆਈ ਬੱਚਿਆਂ ਦੀ ਦੇਖਭਾਲ ਕਰਨਾ

ਵਿਕਟੋਰੀਆ ਦੇ ਸਾਰੇ ਬੱਚਿਆਂ ਨੂੰ ਸੁਰੱਖਿਅਤ ਅਤੇ ਖੁਸ਼ਹਾਲ ਜੀਵਨ ਜਿਉਣ ਵਿੱਚ ਮੱਦਦ ਕਰਨ ਲਈ, ਵਿਕਟੋਰੀਆਈ ਸਰਕਾਰ ਬੱਚਿਆਂ ਨਾਲ ਕੰਮ ਕਰਨ ਵਾਲੇ ਕੁੱਝ ਖ਼ਾਸ ਪੇਸ਼ੇਵਰਾਂ ਦੁਆਰਾ ਜਾਣਕਾਰੀ ਸਾਂਝੀ ਕਰਨ ਦੇ ਤਰੀਕੇ ਵਿੱਚ ਸੁਧਾਰ ਕਰ ਰਹੀ ਹੈ।

ਬਹੁਤ ਸਾਰੀਆਂ ਸੇਵਾਵਾਂ ਪਹਿਲਾਂ ਹੀ ਜਾਣਕਾਰੀ ਸਾਂਝੀ ਕਰਦੀਆਂ ਹਨ। ਚਾਈਲਡ ਇਨਫਰਮੇਸ਼ਨ ਸ਼ੇਅਰਿੰਗ ਸਕੀਮ (Child Information Sharing Scheme [CISS]) ਇਹਨਾਂ ਪੇਸ਼ੇਵਰਾਂ ਲਈ ਉਸ ਬੱਚੇ ਦੀ ਪੂਰੀ ਜਾਣਕਾਰੀ ਨੂੰ ਦੇਖਣਾ ਆਸਾਨ ਬਣਾਉਂਦੀ ਹੈ ਜਿਸ ਨਾਲ ਉਹ ਕੰਮ ਕਰਦੇ ਹਨ, ਉਹਨਾਂ ਦੀ ਇਹ ਸਮਝਣ ਵਿੱਚ ਮੱਦਦ ਕਰਦੀ ਹੈ ਕਿ ਉਹ ਕੀ ਸਾਂਝਾ ਕਰ ਸਕਦੇ ਹਨ, ਅਤੇ ਪਰਿਵਾਰ ਦੀ ਗੁਪਤਤਾ ਨੂੰ ਕਿਵੇਂ ਸੁਰੱਖਿਅਤ ਕਰਨਾ ਹੈ।

## ਇਹ ਪਰਿਵਾਰਾਂ ਦੀ ਮੱਦਦ ਕਿਵੇਂ ਕਰਦਾ ਹੈ?

ਬਹੁਤ ਸਾਰੇ ਬੱਚਿਆਂ ਨੂੰ ਆਪਣੇ ਜੀਵਨ ਦੇ ਕਿਸੇ ਨਾ ਕਿਸੇ ਪੜਾਅ 'ਤੇ ਸਹਾਇਤਾ ਦੀ ਲੋੜ ਹੋਵੇਗੀ। ਉਨ੍ਹਾਂ ਦੇ ਜਨਮ ਤੋਂ ਲੈ ਕੇ, ਜਦੋਂ ਤੱਕ ਉਹ 18 ਸਾਲ ਦੇ ਨਹੀਂ ਹੋ ਜਾਂਦੇ, ਬੱਚੇ ਦੀ ਜਾਣਕਾਰੀ ਸਾਂਝੀ ਕਰਨ ਵਾਲੇ (ਚਾਈਲਡ ਇਨਫਰਮੇਸ਼ਨ ਸ਼ੇਅਰਿੰਗ) ਸੁਧਾਰ ਬੱਚਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਪੇਸ਼ੇਵਰਾਂ ਅਤੇ ਸੰਸਥਾਵਾਂ ਤੋਂ ਬਿਹਤਰ ਸਹਾਇਤਾ ਪ੍ਰਾਪਤ ਕਰਨ ਵਿੱਚ ਮੱਦਦ ਕਰਦੇ ਹਨ।

## ਇਹ ਪੇਸ਼ੇਵਰਾਂ ਦੀ ਮੱਦਦ ਕਿਵੇਂ ਕਰਦਾ ਹੈ?

ਬੱਚੇ ਦੀ ਜਾਣਕਾਰੀ ਸਾਂਝੀ ਕਰਨਾ (ਚਾਈਲਡ ਇਨਫਰਮੇਸ਼ਨ ਸ਼ੇਅਰਿੰਗ) ਬੱਚਿਆਂ ਦੀ ਸਹਾਇਤਾ ਅਤੇ ਦੇਖਭਾਲ ਕਰਨ ਵਾਲੇ ਪੇਸ਼ੇਵਰਾਂ (ਜਿਵੇਂ ਕਿ ਅਧਿਆਪਕ ਅਤੇ ਨਰਸਾਂ) ਨੂੰ ਸਮਰੱਥ ਬਣਾਉਂਦੀ ਹੈ ਇੱਕ ਬੱਚੇ ਬਾਰੇ ਆਪਣਾ ਗਿਆਨ ਇੱਕ ਦੂਜੇ ਨਾਲ ਸਾਂਝਾ ਕਰਨ ਦੇ ਨਾਲ-ਨਾਲ ਇਸ ਬਾਰੇ ਦਿਸ਼ਾ-ਨਿਰਦੇਸ਼ ਪ੍ਰਦਾਨ ਕਰਨ ਨੂੰ ਵੀ ਕਿ ਕੀ ਸਾਂਝਾ ਕਰਨਾ ਹੈ, ਅਤੇ ਪਰਿਵਾਰ ਦੀ ਗੁਪਤਤਾ ਦੀ ਸੁਰੱਖਿਆ ਕਿਵੇਂ ਕਰਨੀ ਹੈ।

## ਉਦਾਹਰਨ:



ਤਾਜ ਨੇ ਹੁਣੇ ਹੀ ਸਕੂਲ ਬਦਲਿਆ ਹੈ। ਉਸਦੀ ਨਵੀਂ ਅਧਿਆਪਕਾ, ਰਮਣ ਨੇ ਦੇਖਿਆ ਕਿ ਉਹ ਕਲਾਸ ਵਿੱਚ ਬੋਲਣ ਤੋਂ ਝਿਜਕਦਾ ਹੈ, ਅਤੇ ਉਸਨੂੰ ਆਪਣੇ ਸਕੂਲ ਦਾ ਕੰਮ ਪੂਰਾ ਕਰਨ ਵਿੱਚ ਮੁਸ਼ਕਲ ਆਉਂਦੀ ਹੈ। ਤਾਜ ਦੇ ਸਾਬਕਾ ਸਕੂਲ ਤੋਂ ਜਾਣਕਾਰੀ ਮੰਗਣ 'ਤੇ, ਰਮਣ ਨੂੰ ਪਤਾ ਲੱਗਦਾ ਹੈ ਕਿ ਉਸ ਨੂੰ ਡਿਸਲੈਕਸੀਆ ਹੈ, ਜਿਸ ਕਾਰਨ ਉਹ ਕਲਾਸ ਵਿਚ ਹਿੱਸਾ ਲੈਣ ਤੋਂ ਝਿਜਕਦਾ ਹੈ।

**ਇਹ ਉਸ ਜਾਣਕਾਰੀ ਦੀ ਇੱਕ ਉਦਾਹਰਨ ਹੈ ਜੋ ਚਾਈਲਡ ਇਨਫਰਮੇਸ਼ਨ ਸ਼ੇਅਰਿੰਗ ਦੁਆਰਾ ਸਾਂਝੀ ਕੀਤੀ ਜਾ ਸਕਦੀ ਹੈ, ਕਿਉਂਕਿ ਇਹ ਤਾਜ ਦੇ ਅਧਿਆਪਕ ਨੂੰ ਅਜਿਹੀ ਸਿੱਖਿਆ ਯੋਜਨਾ ਬਣਾਉਣ ਦੀ ਆਗਿਆ ਦਿੰਦੀ ਹੈ ਜੋ ਤਾਜ ਦੀਆਂ ਸਿੱਖਣ ਦੀਆਂ ਲੋੜਾਂ ਦਾ ਸਮਰਥਨ ਕਰਦੀ ਹੈ।**

# ਤੁਸੀਂ ਇਸਨੂੰ ਕਿਸ ਨਾਲ ਸਾਂਝਾ ਕਰ ਰਹੇ ਹੋ? ਇਸਦੀ ਵਰਤੋਂ ਕਿਵੇਂ ਕੀਤੀ ਜਾਵੇਗੀ?

## ਸਾਂਝੀ ਕੀਤੀ ਜਾਣ ਵਾਲੀ ਜਾਣਕਾਰੀ ਦੀ ਕਿਸਮ

ਕੋਈ ਵੀ ਜਾਣਕਾਰੀ ਜੋ ਬੱਚਿਆਂ ਦੀ ਤੰਦਰੁਸਤੀ ਜਾਂ ਸੁਰੱਖਿਆ ਦਾ ਸਮਰਥਨ ਕਰਦੀ ਹੈ ਉਹ ਸਾਂਝੀ ਕੀਤੀ ਜਾ ਸਕਦੀ ਹੈ। ਇਹ ਜਾਣਕਾਰੀ ਬੱਚੇ ਨੂੰ ਮਿਲ ਰਹੀ ਪੇਸ਼ੇਵਰ ਸਹਾਇਤਾ ਹੋ ਸਕਦੀ ਹੈ, ਜਾਂ ਪਰਿਵਾਰਕ ਰਿਸ਼ਤਿਆਂ ਬਾਰੇ ਸੂਝ।

## ਇਹ ਜਾਣਕਾਰੀ ਕਿਸ ਲਈ ਵਰਤੀ ਜਾਂਦੀ ਹੈ

- ਇਹ ਯਕੀਨੀ ਬਣਾਉਣ ਲਈ ਕਿ ਤੁਹਾਨੂੰ ਆਪਣੀ ਕਹਾਣੀ ਦੋ ਵਾਰ ਦੱਸਣ ਦੀ ਲੋੜ ਨਾ ਪਵੇ
- ਮੱਦਦ ਕਰ ਸਕਦੇ ਸਹੀ ਲੋਕਾਂ ਨੂੰ ਸ਼ਾਮਲ ਕਰਨ ਲਈ
- ਪੂਰੀ ਕਹਾਣੀ ਜਾਨਣ ਲਈ
- ਬੱਚਿਆਂ ਨੂੰ ਵਧਣ-ਫੁੱਲਣ ਵਿੱਚ ਮੱਦਦ ਕਰਨ ਲਈ

## ਕੌਣ ਜਾਣਕਾਰੀ ਸਾਂਝੀ ਕਰ ਅਤੇ ਪਹੁੰਚ ਕਰ ਸਕਦਾ ਹੈ?

ਸਿਰਫ਼ ਕੁੱਝ ਲੋਕਾਂ ਕੋਲ ਹੀ ਜਾਣਕਾਰੀ ਸਾਂਝੀ ਕਰਨ ਦਾ ਅਧਿਕਾਰ ਹੈ - ਹਰ ਕਿਸੇ ਕੋਲ ਨਹੀਂ। ਇਹ ਲੋਕ ਪੇਸ਼ੇਵਰ ਹੁੰਦੇ ਹਨ ਜਿਨ੍ਹਾਂ ਦੀ ਬੱਚਿਆਂ ਦੀ ਦੇਖਭਾਲ ਅਤੇ ਸੁਰੱਖਿਆ ਕਰਨ ਦੀ ਜ਼ਿੰਮੇਵਾਰੀ ਹੁੰਦੀ ਹੈ, ਜਿਵੇਂ ਕਿ ਅਧਿਆਪਕ, ਡਾਕਟਰ, ਸਮਾਜ ਸੇਵਕ ਅਤੇ ਸਲਾਹਕਾਰ, ਨਰਸਾਂ ਅਤੇ ਪੁਲਿਸ।

## ਉਦਾਹਰਨ:



ਲੀਜ਼ਾ ਇੱਕ ਸਕੂਲ ਨਰਸ ਹੈ ਜੋ ਐਲਿਸ, ਅਤੇ ਉਸਦੀ ਪੰਜ ਸਾਲ ਦੀ ਧੀ ਜੈਸਮੀਨ ਨਾਲ ਕੰਮ ਕਰ ਰਹੀ ਹੈ, ਜਿਸਨੂੰ ਦਿਲ ਦੀ ਮਾਮੂਲੀ ਬਿਮਾਰੀ ਹੈ। ਜੈਸਮੀਨ ਦੇ ਪ੍ਰਾਇਮਰੀ ਸਕੂਲ ਸ਼ੁਰੂ ਕਰਨ ਦੇ ਨਾਲ, ਲੀਜ਼ਾ ਐਲਿਸ ਨਾਲ ਗੱਲ ਕਰਦੀ ਹੈ, ਅਤੇ ਆਪਣੇ ਪ੍ਰਾਇਮਰੀ ਸਕੂਲ ਦੀ ਨਰਸ ਨਾਲ ਜੈਸਮੀਨ ਦੀ ਸਥਿਤੀ ਬਾਰੇ ਜਾਣਕਾਰੀ ਸਾਂਝੀ ਕਰਨ ਬਾਰੇ ਉਸਦੇ ਵਿਚਾਰ ਮੰਗਦੀ ਹੈ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ ਉਸਦੀਆਂ ਲੋੜਾਂ ਤੋਂ ਜਾਣੂ ਹਨ। ਇਹ ਜਾਣਕਾਰੀ ਸਾਂਝੀ ਕਰਨ ਤੋਂ ਪਹਿਲਾਂ ਲੀਜ਼ਾ ਐਲਿਸ ਦੇ ਵਿਚਾਰਾਂ ਤੋਂ ਜਾਣੂ ਹੈ।

**ਇਹ ਇੱਕ ਉਦਾਹਰਨ ਹੈ ਕਿ ਕਦੋਂ ਕੋਈ ਪੇਸ਼ੇਵਰ ਜਾਣਕਾਰੀ ਸਾਂਝੀ ਕਰਨ ਦੀ ਚੋਣ ਕਰ ਸਕਦਾ ਹੈ, ਅਤੇ ਉਹ ਇਸਨੂੰ ਕਿਸ ਨਾਲ ਸਾਂਝਾ ਕਰ ਸਕਦੇ ਹਨ।**

# ਜਾਣਕਾਰੀ ਕਦੋਂ ਸਾਂਝੀ ਕੀਤੀ ਜਾ ਸਕਦੀ ਹੈ?

## ਇਹ ਜਾਣਕਾਰੀ ਉਦੋਂ ਤੱਕ ਸਾਂਝੀ ਨਹੀਂ ਕੀਤੀ ਜਾ ਸਕਦੀ ਜਦੋਂ ਤੱਕ:

1. **ਇਸਦੀ ਵਰਤੋਂ ਬੱਚੇ (ਜਾਂ ਬੱਚਿਆਂ ਦੇ ਸਮੂਹ) ਦੀ ਤੰਦਰੁਸਤੀ ਜਾਂ ਸੁਰੱਖਿਆ ਨੂੰ ਉਤਸ਼ਾਹਿਤ ਕਰਨ ਲਈ ਕੀਤੀ ਜਾਵੇਗੀ।**
2. **ਸਾਂਝਾ ਕਰਨਾ ਬੱਚਿਆਂ ਨੂੰ ਸੇਵਾਵਾਂ ਪ੍ਰਦਾਨ ਕਰਨ, ਯੋਜਨਾਵਾਂ ਬਣਾਉਣ ਜਾਂ ਜਾਂਚ ਕਰਨ ਜਾਂ ਜ਼ੋਖਮਾਂ ਦਾ ਪ੍ਰਬੰਧਨ ਕਰਨ ਵਿੱਚ ਸਹਾਇਤਾ ਕਰੇਗਾ।**
3. **ਇਹ ਕਿਸੇ ਨੂੰ ਵੀ ਖ਼ਤਰੇ ਵਿੱਚ ਨਹੀਂ ਪਾਵੇਗਾ, ਕਾਨੂੰਨੀ ਤੌਰ 'ਤੇ ਮਨਾਹੀ ਜਾਂ ਨਿਯਮਾਂ ਦੇ ਤਹਿਤ ਬਾਹਰ ਰੱਖਿਆ ਜਾਵੇਗਾ।**

ਉਨ੍ਹਾਂ ਸ਼ਰਤਾਂ ਦੀ ਪੂਰੀ ਸੂਚੀ ਲਈ ਜੋ ਜਾਣਕਾਰੀ ਸਾਂਝੀ ਕਰਨ ਤੋਂ ਪਹਿਲਾਂ ਪੂਰੀਆਂ ਹੋਣੀਆਂ ਚਾਹੀਦੀਆਂ ਹਨ, www.infosharing.vic.gov.au 'ਤੇ ਜਾਓ।

## ਜਾਣਕਾਰੀ ਕਿਵੇਂ ਸਾਂਝੀ ਕੀਤੀ ਜਾਂਦੀ ਹੈ?

ਕਾਨੂੰਨੀ ਤੌਰ 'ਤੇ ਅਧਿਕਾਰਤ ਸੰਸਥਾਵਾਂ ਅਤੇ ਪੇਸ਼ੇਵਰ ਜਾਂ ਤਾਂ ਜਾਣਕਾਰੀ ਮੰਗ ਸਕਦੇ ਹਨ ਜਾਂ ਇਸਨੂੰ ਸਾਂਝਾ ਕਰਨ ਦਾ ਫ਼ੈਸਲਾ ਕਰ ਸਕਦੇ ਹਨ।

## ਜਾਣਕਾਰੀ ਨੂੰ ਗੁਪਤ ਅਤੇ ਸੁਰੱਖਿਅਤ ਰੱਖਣਾ

ਬੱਚਿਆਂ ਦੀ ਸੁਰੱਖਿਆ ਵਾਲਾ ਹਿੱਸਾ ਇਹ ਯਕੀਨੀ ਬਣਾ ਰਿਹਾ ਹੈ ਕਿ ਉਹਨਾਂ ਦੀ ਜਾਣਕਾਰੀ ਨੂੰ ਸੁਰੱਖਿਅਤ ਅਤੇ ਮਹਿਫੂਜ਼ ਵੀ ਰੱਖਿਆ ਜਾਵੇ। ਚਾਈਲਡ ਇਨਫਰਮੇਸ਼ਨ ਸ਼ੇਅਰਿੰਗ ਪੇਸ਼ੇਵਰਾਂ ਨੂੰ ਇਹ ਦੱਸ ਕੇ ਮੌਜੂਦਾ ਗੁਪਤਤਾ ਕਾਨੂੰਨਾਂ ਦਾ ਸਮਰਥਨ ਕਰਦੀ ਹੈ ਕਿ ਉਹ ਉਹਨਾਂ ਕਾਨੂੰਨਾਂ ਦੇ ਤਹਿਤ ਕਦੋਂ ਜਾਣਕਾਰੀ ਸਾਂਝੀ ਕਰ ਸਕਦੇ ਹਨ। ਗੁਪਤ ਜਾਣਕਾਰੀ ਦੀ ਲੋੜ ਨਾ ਹੋਣ 'ਤੇ ਉਸਨੂੰ ਸਾਂਝਾ ਕਰਨਾ ਅਪਰਾਧ ਹੈ। ਇਸਤੋਂ ਇਲਾਵਾ, ਸਾਰੀ ਜਾਣਕਾਰੀ ਨੂੰ ਵਿਅਕਤੀਗਤ ਸੰਸਥਾਵਾਂ ਦੁਆਰਾ ਸੁਰੱਖਿਅਤ ਢੰਗ ਨਾਲ ਸਟੋਰ ਕੀਤਾ ਜਾਣਾ ਲਾਜ਼ਮੀ ਹੈ। ਉਨ੍ਹਾਂ ਅਧਿਕਾਰਤ ਸਟਾਫ਼ ਮੈਂਬਰਾਂ ਨੂੰ ਸਿਖਲਾਈ ਦਿੱਤੀ ਜਾਂਦੀ ਹੈ, ਇਸ ਲਈ ਉਹ ਆਪਣੀਆਂ ਜ਼ਿੰਮੇਵਾਰੀਆਂ ਤੋਂ ਜਾਣੂ ਹੁੰਦੇ ਹਨ।

## ਉਦਾਹਰਨ:

ਐਂਡੀ ਇੱਕ ਸੋਸ਼ਲ ਸਪੋਰਟ ਵਰਕਰ ਹੈ ਜਿਸਨੂੰ ਲੀਅ ਬਾਰੇ ਜਾਣਕਾਰੀ ਸਾਂਝੀ ਕਰਨ ਲਈ ਇੱਕ ਹਾਈ ਸਕੂਲ ਦੇ ਦਾਖਲਾ ਅਧਿਕਾਰੀ ਤੋਂ ਬੇਨਤੀ ਪ੍ਰਾਪਤ ਹੁੰਦੀ ਹੈ । ਐਂਡੀ ਨੇ ਲੀਅ ਦੇ ਪਰਿਵਾਰ ਦੀ ਸਹਾਇਤਾ ਕੀਤੀ ਸੀ ਜਦੋਂ ਉਹ ਥੋੜ੍ਹੇ ਸਮੇਂ ਲਈ ਬੇਘਰ ਸਨ। ਲੀਅ ਅਤੇ ਉਸਦੇ ਪਰਿਵਾਰ ਨਾਲ ਸਲਾਹ-ਮਸ਼ਵਰਾ ਕਰਨ ਤੋਂ ਬਾਅਦ, ਐਂਡੀ ਉਹਨਾਂ ਦੀ ਰਹਿਣ-ਸਹਿਣ ਦੀ ਸਥਿਤੀ ਬਾਰੇ ਜਾਣਕਾਰੀ ਸਾਂਝੀ ਨਹੀਂ ਕਰਦਾ, ਕਿਉਂਕਿ ਉਸਨੂੰ ਸ਼ੱਕ ਹੈ ਕਿ ਇਸਦੀ ਵਰਤੋਂ ਲੀਅ ਨੂੰ ਸਕੂਲ ਵਿੱਚ ਦਾਖਲਾ ਲੈਣ ਤੋਂ ਇਨਕਾਰ ਕਰਨ ਲਈ ਕੀਤੀ ਜਾ ਸਕਦੀ ਹੈ।

**ਇਹ ਇੱਕ ਉਦਾਹਰਨ ਹੈ ਜਿੱਥੇ ਪੇਸ਼ੇਵਰ ਜਾਣਕਾਰੀ ਸਾਂਝੀ ਨਹੀਂ ਕਰ ਸਕਦੇ - ਦਾਖਲਾ ਅਧਿਕਾਰੀ ਇੱਕ ਅਧਿਕਾਰਤ ਪੇਸ਼ੇਵਰ ਨਹੀਂ ਹੈ, ਅਤੇ ਜਾਣਕਾਰੀ ਦੀ ਵਰਤੋਂ ਲੀਅ ਜਾਂ ਉਸਦੇ ਪਰਿਵਾਰ ਦੀ ਤੰਦਰੁਸਤੀ ਜਾਂ ਸੁਰੱਖਿਆ ਲਈ ਨਹੀਂ ਕੀਤੀ ਜਾ ਰਹੀ ਹੈ।**

# ਸ਼ਿਕਾਇਤਾਂ

## ਜੇਕਰ ਤੁਸੀਂ ਚਿੰਤਤ ਹੋ ਕਿ ਜਾਣਕਾਰੀ ਨੂੰ ਇਸ ਤਰੀਕੇ ਨਾਲ ਸਾਂਝਾ ਕੀਤਾ ਜਾ ਸਕਦਾ ਹੈ ਜਿਸਦੀ ਇਜਾਜ਼ਤ ਨਹੀਂ ਹੈ, ਤਾਂ ਤੁਹਾਨੂੰ ਫੀਡਬੈਕ ਦੇਣ ਅਤੇ ਸ਼ਿਕਾਇਤ ਕਰਨ ਦਾ ਅਧਿਕਾਰ ਹੈ।

**ਅਜਿਹਾ ਹੋਣ 'ਤੇ ਪਹਿਲਾਂ ਸ਼ਿਕਾਇਤ ਕਰਨ ਲਈ, ਜਾਣਕਾਰੀ ਸਾਂਝੀ ਕਰਨ ਵਾਲੀ ਸੰਸਥਾ ਨਾਲ ਗੱਲ ਕਰੋ। ਸਾਰੀਆਂ ਸੰਸਥਾਵਾਂ ਕੋਲ ਸ਼ਿਕਾਇਤਾਂ ਨਾਲ ਨਜਿੱਠਣ ਲਈ ਪ੍ਰਕਿਰਿਆਵਾਂ ਹੋਣੀਆਂ ਚਾਹੀਦੀਆਂ ਹਨ।**



## ਜੇਕਰ ਤੁਸੀਂ ਇਸ ਗੱਲ ਤੋਂ ਸੰਤੁਸ਼ਟ ਨਹੀਂ ਹੋ ਕਿ ਮਾਮਲਾ ਹੱਲ ਹੋ ਗਿਆ ਹੈ, ਤਾਂ ਸ਼ਿਕਾਇਤ ਕੀਤੀ ਜਾ ਸਕਦੀ ਹੈ:

**ਵਿਕਟੋਰੀਅਨ ਸੂਚਨਾ ਕਮਿਸ਼ਨਰ ਦੇ ਦਫ਼ਤਰ ਨੂੰ ਜੇਕਰ ਸ਼ਿਕਾਇਤ ਨਿੱਜੀ ਜਾਣਕਾਰੀ ਬਾਰੇ ਹੈ**

ਵੈੱਬਸਾਈਟ: ovic.vic.gov.au / ਟੈਲੀਫ਼ੋਨ: 1300 666 444

**ਸਿਹਤ ਸ਼ਿਕਾਇਤ ਬਾਰੇ ਕਮਿਸ਼ਨਰ ਨੂੰ ਜੇ ਸ਼ਿਕਾਇਤ ਸਿਹਤ ਜਾਣਕਾਰੀ ਬਾਰੇ ਹੈ**

ਵੈੱਬਸਾਈਟ: hcc.vic.gov.au / ਟੈਲੀਫ਼ੋਨ: 1300 582 113

## ਜੇਕਰ ਤੁਸੀਂ ਚਾਈਲਡ ਇਨਫਰਮੇਸ਼ਨ ਸ਼ੇਅਰਿੰਗ ਸਕੀਮ ਬਾਰੇ ਹੋਰ ਜਾਣਕਾਰੀ ਚਾਹੁੰਦੇ ਹੋ ਤਾਂ ਤੁਸੀਂ ਇਹ ਕਰ ਸਕਦੇ ਹੋ:

**ਸਾਨੂੰ ਫ਼ੋਨ ਕਰੋ:** 1800 549 646

**ਸਾਨੂੰ ਪੱਤਰ ਲਿਖੋ:** CISandFVIS@education.vic.gov.au

**ਵੈੱਬਸਾਈਟ 'ਤੇ ਜਾਓ:** vic.gov.au/child-information-sharing-scheme